ੴ

ਗੁਰਬਾਣੀ ਵਿਚਾਰੁ

68

ਭਰਮ

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ ॥

ਭਾਗ – ੧

‘ਖੋਜੀ’

ਭਰਮ

ਭਾਗ - 1

'**ਭਰਮ**' ਕਿਸੇ ਸ਼ੈ ਦੀ ਬਾਬਤ –

ਸੁਣਿਆ-ਸੁਣਾਇਆ
ਪੜ੍ਹਿਆ-ਪੜ੍ਹਾਇਆ
ਸਮਝਿਆ-ਸਮਝਾਇਆ
ਓਪਰਾ
ਅਧੂਰਾ
ਗ਼ਲਤ

ਦ੍ਰਿੜ੍ਹ ਕੀਤਾ ਹੋਇਆ –

ਖਿਆਲ
ਸੋਝੀ
ਜਾਣਕਾਰੀ
ਗਿਆਨ
ਨਿਸਚਾ

ਹੈ, ਜੋ ਉਸ '**ਸ਼ੈ**' ਦੀ '**ਅਸਲੀਅਤ**' **ਯਾ ਹਕੀਕਤ** ਤੋਂ '**ਉਲਟ**' ਹੋਵੇ।

ਇਹ ਮਾਨਸਿਕ '**ਭਰਮ**' ਕਈ ਕਿਸਮਾਂ, ਤੈਹਾਂ, ਦਰਜਿਆਂ ਵਿਚ ਪ੍ਰਵਿਰਤ ਹੈ।

ਦੂਜੇ ਲਫ਼ਜ਼ਾਂ ਵਿਚ ਸੰਸਾਰ ਵਿਚ **ਅਨੇਕਾਂ** '**ਭਰਮਾਂ**' **ਦਾ ਬੋਲਬਾਲਾ ਅਤੇ ਵਰਤ-ਵਰਤਾਰਾ ਹੈ**।

ਰੱਬੀ ਕਾਇਨਾਤ ਵਿਚ ਦੋ ਮੰਡਲ ਹਨ –

1. **ਆਤਮਿਕ ਮੰਡਲ** ਅਥਵਾ 'ਨਿਰਗੁਣ ਸਰੂਪ'
2. ਤ੍ਰੈ-ਗੁਣੀ **ਮਾਇਕੀ ਮੰਡਲ** ਅਥਵਾ 'ਸਰਗੁਣ ਸਰੂਪ'

ਆਤਮਿਕ ਮੰਡਲ ਵਿਚ **ਆਤਮਿਕ ਤੱਤ-ਗਿਆਨ ਦਾ ਸਵੈ-ਪ੍ਰਕਾਸ਼ ਹੈ**।

ਜਿਸ ਤਰ੍ਹਾਂ ਸੂਰਜ ਦੇ ਪ੍ਰਕਾਸ਼ ਵਿਚ 'ਹਨੇਰੇ' ਦੀ **ਅਣਹੋਂਦ** ਹੈ, ਅਰਥਾਤ 'ਹਨੇਰਾ' ਹੋ ਹੀ ਨਹੀਂ ਸਕਦਾ, ਇਸੇ ਤਰ੍ਹਾਂ ਆਤਮਿਕ ਮੰਡਲ ਦੇ ਪ੍ਰਕਾਸ਼ ਵਿਚ 'ਭਰਮ' ਦਾ ਹਨੇਰਾ ਹੋ ਹੀ ਨਹੀਂ ਸਕਦਾ। ਦੂਜੇ ਲਫ਼ਜ਼ਾਂ ਵਿਚ **'ਆਤਮ-ਪ੍ਰਕਾਸ਼' ਦੀ ਅਣਹੋਂਦ ਯਾ ਗੈਰ-ਹਾਜ਼ਰੀ ਨੂੰ ਹੀ 'ਭਰਮ' ਕਿਹਾ ਗਿਆ ਹੈ।**

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ।। (ਪੰਨਾ-੫੫)

'ਸਬਦ' ਅਥਵਾ **'ਨਾਮ'** ਹੀ ਇਕੋ-ਇਕ, ਸੱਚਾ, ਅਟੱਲ, ਸਰਬੱਗ ਆਤਮ-ਪ੍ਰਕਾਸ਼ ਹੈ – ਜਿਸਦੇ **ਤੇਜ ਨਾਲ ਹੀ ਭਰਮ ਦਾ ਅੰਧ-ਗੁਬਾਰ ਮਿਟ ਸਕਦਾ ਹੈ** ਅਤੇ ਆਤਮ ਤੱਤ-ਗਿਆਨ ਦੀ ਅਨੁਭਵੀ ਸੋਝੀ ਹੋ ਸਕਦੀ ਹੈ।

ਜਿਸ ਤਰ੍ਹਾਂ ਸੂਰਜ ਚੜ੍ਹਨ ਨਾਲ ਕਾਲੀ-ਬੋਲ੍ਹੀ 'ਰਾਤ' ਅਤੇ ਉਸ ਤੋਂ ਉਪਜਿਆ 'ਹਨੇਰਾ', ਆਪੇ ਛਾਈਂ-ਮਾਈਂ ਹੋ ਜਾਂਦਾ ਹੈ, ਕੱਢਣਾ ਯਾ ਢੋਣਾ ਨਹੀਂ ਪੈਂਦਾ। ਇਸੇ ਤਰ੍ਹਾਂ ਹਿਰਦੇ ਵਿਚ **'ਨਾਮ ਦਾ ਸੂਰਜ' ਉਦੇ ਹੋਣ ਨਾਲ** ਤ੍ਰੈ-ਗੁਣੀ ਮਾਇਕੀ ਮੰਡਲ ਅਤੇ ਉਸ ਤੋਂ ਉਪਜਿਆ ਅਗਿਆਨਤਾ ਰੂਪੀ **'ਭਰਮ ਦਾ ਹਨੇਰਾ' ਆਪ ਮੁਹਾਰੇ ਅਲੋਪ ਹੋ ਜਾਂਦਾ ਹੈ** ਅਤੇ ਸਭ ਪਾਸੇ, ਚਾਰ-ਚੁਫੇਰੇ, ਓਤ-ਪੋਤ, 'ਨਾਮ' ਦੇ ਪ੍ਰਕਾਸ਼ ਦੀ ਰੋਸ਼ਨੀ ਹੋ ਜਾਂਦੀ ਹੈ। ਇਸ ਆਤਮਿਕ ਰੋਸ਼ਨੀ ਦੇ 'ਚਾਨਣ' ਅਥਵਾ **'ਅਨੁਭਵੀ-ਪ੍ਰਕਾਸ਼' ਨਾਲ ਤਤ-ਗਿਆਨ ਪ੍ਰਾਪਤ ਹੋ ਜਾਂਦਾ ਹੈ** ਅਤੇ ਹਰ ਤਰ੍ਹਾਂ ਦੇ ਮਾਨਸਿਕ **ਭਰਮ-ਭੁਲੇਖੇ ਸਹਿਜ-ਸੁਭਾਇ ਮਿਟ ਜਾਂਦੇ ਹਨ।**

ਦੀਵਾ ਬਲੈ ਅੰਧੇਰਾ ਜਾਇ।। ਬੇਦ ਪਾਠ ਮਤਿ ਪਾਪਾ ਖਾਇ ।।
ਉਗਵੈ ਸੂਰੁ ਨ ਜਾਪੈ ਚੰਦੁ।। ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ।। (ਪੰਨਾ-੭੯੧)

ਇਸ ਗੱਲ ਨੂੰ ਸਪਸ਼ਟ ਤੌਰ ਤੇ ਸਮਝਣ ਲਈ, **'ਅੰਨ੍ਹਿਆਂ ਦੀ ਹਾਥੀ ਬਾਬਤ ਸੋਝੀ'** ਵਾਲੀ ਮਿਸਾਲ ਠੀਕ ਢੁਕਦੀ ਹੈ। ਜਮਾਂਦਰੂ ਅੰਨ੍ਹਿਆਂ ਦਾ 'ਹਾਥੀ' ਅਥਵਾ ਹਰ ਇਕ ਚੀਜ਼ ਬਾਬਤ –

ਖਿਆਲ
ਸੋਝੀ
ਜਾਣਕਾਰੀ
ਵਿਚਾਰ
ਗਿਆਨ
ਨਿਸਚਾ

ਉਹਨਾਂ ਦੇ –

ਸੁਣੇ-ਸੁਣਾਏ
ਸਮਝੇ-ਸਮਝਾਏ
ਛੋਹ ਦੀ ਸੋਝੀ
ਟੋਹ ਦੀ ਜਾਣਕਾਰੀ

ਦੁਆਰਾ ਪ੍ਰਾਪਤ ਕੀਤੀ ਦਿਮਾਗੀ **ਕਲਪਨਾ ਉਤੇ 'ਆਧਾਰਤ'** ਹੈ। ਐਸਾ **ਅੱਡੋ-ਅੱਡ ਮਨੋਕਲਪਤ ਗਿਆਨ** ਯਾ ਨਿਸਚਾ –

ਓਪਰਾ
ਅਧੂਰਾ
ਗਲਤ
ਮੁਤਜ਼ਾਦ
ਉਲਟ

ਹੋਣਾ ਸੁਭਾਵਕ ਅਤੇ ਲਾਜ਼ਮੀ ਹੈ। ਇਸ ਨੂੰ ਹੀ **'ਭਰਮ' ਅਥਵਾ 'ਵਹਿਮ' ਆਖਿਆ ਜਾਂਦਾ ਹੈ।**

ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ।।
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ।। (ਪੰਨਾ-੫੧੪)

ਮਾਧਵੇ ਕਿਆ ਕਹੀਐ ਭ੍ਰਮੁ ਐਸਾ ।।
ਜੈਸਾ ਮਾਨੀਐ ਹੋਇ ਨ ਤੈਸਾ ।।੧।। ਰਹਾਉ ।।
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ।।
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ।। (ਪੰਨਾ-੬੫੭)

ਪ੍ਰਮਾਤਮਾ ਨੇ ਆਪਣੀ ਮੌਜ ਵਿਚ – **'ਕਵਾਉ'** ਦੁਆਰਾ, ਇਹ **ਸਰਗੁਣ ਸਰੂਪ ਮਾਇਕੀ ਮੰਡਲ** ਰਚਿਆ ਤੇ ਇਸ ਵਿਚ ਆਪਣੀ **'ਜੋਤਿ'** ਰਖ ਕੇ ਅਣਗਿਣਤ ਜੀਵ ਸਾਜੇ। ਇਹਨਾਂ ਜੀਵਾਂ ਦੇ **ਮਨ ਉਤੇ ਹਉਮੈ ਦਾ ਗਿਲਾਫ ਯਾ ਪੜ੍ਹਦਾ ਚੜ੍ਹਿਆ ਹੋਣ ਕਰਕੇ** ਇਹਨਾਂ ਨੂੰ ਆਪੋ-ਆਪਣੀ **'ਅੱਡਰੀ ਹਸਤੀ'** ਮਹਿਸੂਸ ਹੁੰਦੀ ਹੈ।

ਹਉਮੈ ਵਿਚਿ ਸਭੁ ਜਗੁ ਬਉਰਾਨਾ ।।
ਦੂਜੈ ਭਾਇ ਭਰਮਿ ਭੁਲਾਨਾ ।। (ਪੰਨਾ-੧੫੯)

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ।। (ਪੰਨਾ-੬੦੪)

ਹਉਮੈ ਮੇਰਾ ਭਰਮੈ ਸੰਸਾਰੁ ।। (ਪੰਨਾ-੮੪੧)

ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ।। (ਪੰਨਾ-੧੦੯੧)

ਇਸ ਗੱਲ ਨੂੰ ਸਪਸ਼ਟ ਕਰਨ ਲਈ ਬਿਜਲੀ ਦੇ **ਬਲਬਾਂ** (bulbs) ਦੀ ਮਿਸਾਲ ਠੀਕ ਢੁਕਦੀ ਹੈ –

ਇਹਨਾਂ ਬਲਬਾਂ ਵਿਚ ਇਕੋ ਬਿਜਲੀ ਦਾ ਕਰੰਟ (current) ਚਲ ਰਿਹਾ ਹੁੰਦਾ ਹੈ, ਪਰ ਬਲਬ ਅਨੇਕਾਂ ਰੰਗਾਂ, ਸ਼ਕਲਾਂ ਅਤੇ ਅਕਾਰਾਂ ਦੇ ਹੁੰਦੇ ਹਨ, ਜਿਸ ਰਾਹੀਂ ਅਨੇਕਾਂ ਰੰਗਾਂ ਦੀ ਰੋਸ਼ਨੀ, ਜਿਹਾ ਕਿ ਲਾਲ, ਪੀਲੀ, ਹਰੀ, ਨੀਲੀ ਆਦਿ ਪ੍ਰਕਾਸ਼ਤ ਹੁੰਦੀ ਹੈ।

ਜੇਕਰ '**ਬਲਬ**' ਇਹ ਸਮਝੇ, ਕਿ ਇਹ ਰੰਗੀਨ ਰੋਸ਼ਨੀ **ਮੇਰੀ 'ਆਪਣੀ' ਹੈ** ਤਾਂ ਉਸਦਾ ਇਹ **ਦਾਅਵਾ** –

ਭੁਲ ਹੈ
ਭੁਲੇਖਾ ਹੈ
ਭਰਮ ਹੈ
ਫੋਕਾ ਹੈ
ਝੂਠਾ ਹੈ,

ਅਤੇ ਆਪਣੇ '**ਮੂਲ**' **ਸੋਮੇ** ਕਰੰਟ (current) ਜਾਂ ਜੀਵਨ-ਰੌਂ ਨੂੰ –

ਭੁਲਣਾ ਹੈ
ਬੇਮੁਖ ਹੋਣਾ ਹੈ
ਅਸ਼ਰਧਕ ਹੋਣਾ ਹੈ
ਇਨਕਾਰ ਕਰਨਾ ਹੈ।

ਐਨ ਇਸੇ ਤਰ੍ਹਾਂ ਸਾਰਿਆਂ 'ਜੀਵਾਂ' ਵਿਚ **ਇਕੋ 'ਰੱਬੀ ਜੋਤਿ' ਕੰਮ ਕਰਦੀ ਹੈ** – ਜਿਸ ਦੁਆਰਾ ਜੀਵ ਦੀ 'ਹੋਂਦ' ਅਤੇ 'ਪ੍ਰਕਿਰਤੀ' ਚਲ ਰਹੀ ਹੈ। ਪਰ, ਜੀਵ ਆਪਣੀ ਹਉਮੈ ਕਾਰਣ 'ਮੂਲ' ਰੱਬੀ 'ਜੋਤਿ' ਨੂੰ 'ਭੁਲ' ਗਿਆ ਹੈ ਅਤੇ ਆਪਣੀ ਅੱਡਰੀ **ਝੂਠੀ ਹੋਂਦ ਨੂੰ ਹੀ ਅਸਲੀ 'ਹਸਤੀ' ਸਮਝੀ ਬੈਠਾ ਹੈ**। ਜਿਸ ਕਾਰਣ ਆਪਣੀ **ਕੂੜੀ 'ਹਉਮੈ' ਦੇ ਭਰਮ ਦੇ** 'ਧੁਰੇ' (axle) **ਉਦਾਲੇ ਸਾਰੀ ਉਮਰ ਘੁੰਮਦਾ, ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ**।

ਤੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ।। (ਪੰਨਾ-੬੦੪)

ਛਨਿਛਰਵਾਰਿ ਸਉਣ ਸਾਸਤ ਬੀਚਾਰੁ।। **ਹਉਮੈ ਮੇਰਾ ਭਰਮੈ ਸੰਸਾਰੁ** ।।
ਮਨਮੁਖੁ ਅੰਧਾ ਦੂਜੈ ਭਾਇ।। ਜਮ ਦਰਿ ਬਾਧਾ ਚੋਟਾ ਖਾਇ ।। (ਪੰਨਾ-੮੪੧)

ਅਸਲ ਵਿਚ, ਜਦ ਅਕਾਲ ਪੁਰਖ ਦੇ '**ਕਵਾਉ**' ਦੁਆਰਾ '**ਮਾਇਆ**' ਦੀ ਰਚਨਾ ਹੋਈ ਤਾਂ –

ਹਉਮੈ
ਦੂਜਾ ਭਾਉ
ਮੈਂ-ਮੇਰੀ
ਆਪਣੇ-ਪਰਾਏ

ਦੀ ਭਾਵਨਾ ਤੋਂ '**ਭਰਮ**' **ਉਤਪੰਨ ਹੋਇਆ** ਅਤੇ ਇਉਂ ਇਹ '**ਭਰਮ-ਭੁਲੇਖਾ**' ਕਾਇਨਾਤ ਦੇ ਅਰੰਭ ਤੋਂ ਹੀ ਪ੍ਰਚਲਤ ਹੈ।

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ।। (ਪੰਨਾ-੯੯੯)

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ।।
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ।। (ਪੰਨਾ-੫੬੦)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ।। (ਪੰਨਾ-੩੯)

ਇਸ ਲਈ ਇਹ **'ਭਰਮ-ਭੁਲੇਖਾ'** ਅਨੇਕਾਂ ਜਨਮਾਂ ਤੋਂ ਸਾਡੇ –

ਮਨਾਂ ਵਿਚ
ਹਿਰਦਿਆਂ ਵਿਚ
ਦਿਮਾਗ ਵਿਚ
ਅੰਤਿਸ਼ਕਰਨ ਵਿਚ

ਧਸ-ਵਸ-ਰਸ-ਸਮਾ ਕੇ ਚਿੰਬੜਿਆ ਹੋਇਆ ਹੈ ਅਤੇ ਸਾਡੇ ਜੀਵਨ ਦਾ ਅਨਿਖੜਵਾਂ 'ਅੰਗ' ਅਤੇ 'ਆਧਾਰ' ਬਣ ਚੁਕਿਆ ਹੈ।

ਇਸ ਤਰ੍ਹਾਂ ਇਹ **'ਭਰਮ' ਸਾਡੇ ਜੀਵਨ ਦੇ ਹਰ ਪੱਖ ਅਥਵਾ** –

ਖਿਆਲ
ਸੋਚਣੀ
ਕਲਪਨਾ
ਸੋਝੀ
ਜਾਣਕਾਰੀ
ਸਿਆਣਪਾਂ
ਵਿਦਿਆ
ਗਿਆਨ
ਵਿਗਿਆਨ
ਫਿਲਾਸਫੀ
ਵਲਵਲੇ
ਨਿਸਚੇ
ਕਰਮ
ਧਰਮ

ਵਿਚ ਪਰਵਿਰਤ ਹੈ ਅਤੇ ਸਾਡੇ ਜੀਵਨ ਵਿਚ ਇਸੇ ਮੁੱਢਲੇ ਦ੍ਰਿੜ੍ਹ ਭਰਮ ਦਾ ਹੀ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਅਸੀਂ ਜਿਨ੍ਹਾਂ **ਭਰਮ-ਭੁਲੇਖਿਆਂ** ਵਿਚ ਪ੍ਰਵਿਰਤ ਹਾਂ, ਉਨ੍ਹਾਂ **ਭਰਮ-ਭੁਲੇਖਿਆਂ ਤੋਂ ਬਿਲਕੁਲ –**

ਅਗਿਆਤ
ਅਣਜਾਣ

ਅਗਿਆਨੀ
ਅਵੇਸਲੇ
ਬੇ-ਪ੍ਰਵਾਹ ਯਾ
ਮਚਲੇ

ਹੋਏ ਹੋਏ ਹਾਂ। ਇਥੋਂ ਤਾਈਂ ਕਿ ਅਸੀਂ ਆਪਣੀ ਇਸ **'ਭਰਮ-ਮਈ' ਅਵਸਥਾ ਨੂੰ 'ਮੰਨਣ' ਲਈ ਭੀ ਤਿਆਰ ਨਹੀਂ**।

ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ।।
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ।। (ਪੰਨਾ-੫੧੪)

ਗੁਰਬਾਣੀ ਵਿਚ ਸਾਡੀ ਇਸ **ਭਰਮ-ਮਈ ਅਵਸਥਾ** ਨੂੰ ਇਉਂ ਦਰਸਾਇਆ ਗਿਆ ਹੈ –

ਐਸਾ ਤੈਂ ਜਗੁ ਭਰਮਿ ਲਾਇਆ ।।
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ।। (ਪੰਨਾ-੯੨)

ਭਰਮੇ ਆਵੈ ਭਰਮੇ ਜਾਇ ।।
ਇਹੁ ਜਗੁ ਜਨਮਿਆ ਦੂਜੈ ਭਾਇ ।। (ਪੰਨਾ-੧੬੧)

ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ ।। (ਪੰਨਾ-੬੧੧)

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ।। (ਪੰਨਾ-੬੩੨)

ਸਾਡੇ ਸਾਹਮਣੇ ਸਾਰੀਆਂ **ਦ੍ਰਿਸ਼ਟਮਾਨ ਚੀਜ਼ਾਂ ਬਦਲਦੀਆਂ ਅਤੇ ਨਾਸ ਹੁੰਦੀਆਂ ਰਹਿੰਦੀਆਂ ਹਨ**।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ।। (ਪੰਨਾ-੨੧੯)

ਇਹ **'ਸਮੁਚਾ ਸੰਸਾਰ'** ਵੀ ਕਈ ਵਾਰੀ **ਬਣਿਆ ਅਤੇ ਨਾਸ ਹੋਇਆ ਹੈ** –

ਕਈ ਬਾਰ ਪਸਰਿਓ ਪਾਸਾਰ ।।
ਸਦਾ ਸਦਾ ਇਕੁ ਏਕੰਕਾਰ ।। (ਪੰਨਾ-੨੭੬)

ਇਸ ਲਈ ਗੁਰਬਾਣੀ ਵਿਚ ਇਸ ਸੰਸਾਰ ਨੂੰ –

ਚਲਾਏਮਾਨ
ਨਾਸ਼ਵੰਤ
ਝੂਠਾ
ਕੂੜਾ
ਬਿਰਖ ਕੀ ਛਾਇਆ

ਸਹਸਾ ਰੂਪ
ਧੂਏਂ ਕਾ ਪਹਾੜ
ਭਰਮ-ਗੜ੍ਹ

ਆਦਿ, ਕਹਿ ਕੇ ਬਿਆਨਿਆ ਗਿਆ ਹੈ –

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ।। (ਪੰਨਾ-੧੩੯)

ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ।। (ਪੰਨਾ-੬੦੭)

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ।। (ਪੰਨਾ-੭੧੮)

ਇਹੁ ਜਗੁ ਧੂਏ ਕਾ ਪਹਾਰ।। ਤੈ ਸਾਚਾ ਮਾਨਿਆ ਕਿਹ ਬਿਚਾਰਿ ।। (ਪੰਨਾ-੧੧੮੬)

ਪਰ 'ਧੁਰ ਕੀ ਬਾਣੀ' ਦੇ ਇਹਨਾਂ ਉਪਦੇਸ਼ਾਂ ਨੂੰ –

ਪੜ੍ਹ ਕੇ
ਸੁਣ ਕੇ
ਸਮਝ ਕੇ
ਵਿਚਾਰ ਕੇ
ਵਿਆਖਿਆ ਕਰਕੇ

ਭੀ, ਸਾਡਾ ਮਨ ਝੂਠੇ ਸੰਸਾਰ ਨੂੰ ਸੱਚ ਕਰਕੇ ਮੰਨੀ ਬੈਠਾ ਹੈ।

ਅਸੀਂ ਆਪਣੇ ਅੰਤਿਸ਼ਕਰਨ ਦੀ ਰੰਗਤ ਅਨੁਸਾਰ, **'ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ'** ਵਾਲੇ ਭਰਮ-ਭੁਲਾਵੇ ਦੇ ਅਸਰ ਹੇਠ –

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ।। (ਪੰਨਾ-੪੯੯)

ਵਾਲੀ ਤਾੜਨਾ ਤੋਂ ਬੇ-ਪ੍ਰਵਾਹ ਹੋ ਕੇ, ਇਸ ਝੂਠੀ ਦੁਨੀਆਂ ਨੂੰ 'ਸਚ' ਕਰਕੇ ਮੰਨਿਆ ਹੋਇਆ ਹੈ ਅਤੇ ਇਸੇ ਵਿਚ ਹੀ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ।। (ਪੰਨਾ-੧੩੩)

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ।। (ਪੰਨਾ-੮੫੨)

'ਰੇਸ਼ਮ ਦਾ ਕੀੜਾ' ਆਪਣੇ ਵਿਚੋਂ ਨਿਕਲੀ ਤਾਰ ਨਾਲ, ਪਹਿਲਾਂ ਆਪਣੇ **ਉਦਾਲੇ 'ਖੋਲ'** (cone) **ਬਣਾ ਲੈਂਦਾ ਹੈ** ਅਤੇ ਫਿਰ ਉਸੇ ਬੰਦ ਖੋਲ ਦੇ ਅੰਦਰ ਹੀ ਆਪਣੇ ਵਿਚੋਂ **ਨਿਕਲੀ ਤਾਰ ਦਾ ਜਾਲ ਬਣਾਉਂਦਾ ਰਹਿੰਦਾ ਹੈ ਅਤੇ ਉਸੇ ਵਿਚ ਮਰ ਜਾਂਦਾ ਹੈ।**

ਇਸੇ ਤਰ੍ਹਾਂ **'ਜੀਵ'** ਆਪਣੇ ਉਦਾਲੇ **ਹਉਮੈ ਦਾ ਖੋਲ** ਬਣਾ ਕੇ, ਆਪਣੇ **ਕਰਮਾਂ ਦੇ**

ਫੰਧਿਆਂ ਵਿਚ ਫਸ ਜਾਂਦਾ ਹੈ ਤੇ ਕਰਮ-ਬੱਧ ਹੋ ਕੇ ਪਲਚ-ਪਲਚ ਕੇ ਮਰ ਜਾਂਦਾ ਹੈ।

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ।। (ਪੰਨਾ-੭੦੨)

ਆਮ ਭੋਲੀ-ਭਾਲੀ ਜਨਤਾ ਨੇ ਤਾਂ ਇਸ ਮਾਇਕੀ ਭਰਮ ਵਿਚ ਗਲਤਾਨ ਹੋਣਾ ਹੀ ਹੈ, ਪਰ ਅਸੀਂ ਪੜ੍ਹੇ-ਲਿਖੇ, ਸਿਆਣੇ, ਵਿਦਵਾਨ ਅਤੇ ਵਿਗਿਆਨੀ ਭੀ ਇਸ ਸੂਖਮ ਦਿਮਾਗੀ ਭਰਮ ਦੇ ਅੰਧਕਾਰ ਵਿਚ ਹੀ ਗੋਤੇ ਖਾ ਰਹੇ ਹਾਂ।

ਇਸ ਭਰਮ-ਗੜ੍ਹ ਦੇ ਹਨੇਰ-ਖਾਤੇ ਵਿਚ ਹੀ, ਅਸੀਂ –

ਜੰਮਦੇ
ਜੀਉਂਦੇ
ਬੀਂਦੇ
ਕਰਮ ਕਰਦੇ
ਪਲਚਦੇ
ਦੁਖ ਭੋਗਦੇ
ਮਰਦੇ
ਨਰਕ ਭੋਗਦੇ
ਫਿਰ ਜੰਮਦੇ

ਹੋਏ, ਜੁਗਾਂ-ਜੁਗਾਂਤਰਾਂ ਤੋਂ ਕਈ ਜਨਮ ਭੋਗ ਚੁਕੇ ਹਾਂ।

ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ।। (ਪੰਨਾ-੭੦੫)

ਪਰ ਬਾਵਜੂਦ ਇਤਨੇ –

ਧਰਮਾਂ
ਮਜ਼ਹਬਾਂ
ਗਿਆਨ
ਪ੍ਰਚਾਰ
ਫਿਲਾਸਫੀਆਂ
ਕਰਮ-ਕ੍ਰਿਆ
ਜੋਗ-ਅਭਿਆਸ

ਦੇ – ਸਾਨੂੰ ਅਜੇ ਤਾਈਂ ਇਸ ਮਾਨਸਿਕ 'ਭਰਮ-ਭੁਲਾਵੇ' ਦੀ –

ਸੋਝੀ
ਪਹਿਚਾਨ
ਗਿਆਨ
ਨਿਸਚਾ

ਹੀ ਨਹੀਂ ਆਇਆ !!!

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ।। (ਪੰਨਾ-੬੩੨)

ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ। (ਵਾ.ਭਾ.ਗੁ. ੩੮/੧੨)

ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ, ਕਿ ਗੁਰਬਾਣੀ ਵਿਚ ਇਸ ਭਰਮ ਦੀ ਬਾਬਤ ਇਤਨੀ **ਵਿਆਖਿਆ ਤੇ ਤਾੜਨਾ ਦੇ ਬਾਵਜੂਦ** ਸਾਨੂੰ ਇਸ ਗੱਲ ਦਾ **ਨਿਸਚਾ ਹੀ ਨਹੀਂ ਆਇਆ ਕਿ ਅਸੀਂ ਭੀ ਉਸੇ ਹਉਮੈ ਦੇ ਭਰਮ-ਭੁਲਾਵੇ ਦੇ ਅੰਧਕਾਰ ਵਿਚ ਹੀ ਫਸ ਕੇ ਦੁਖੀ ਜੀਵਨ ਬਿਤਾ ਰਹੇ ਹਾਂ।**

ਇਸ ਦਾ ਕਾਰਣ ਇਹ ਹੈ ਕਿ ਭਾਵੇਂ ਅਸੀਂ ਗੁਰਬਾਣੀ ਨੂੰ ਮੱਥਾ ਟੇਕਦੇ ਹਾਂ ਅਤੇ ਗੁਰੂ ਮੰਨਦੇ ਹਾਂ, ਪਰ ਅਸਲ ਵਿਚ ਗੁਰਬਾਣੀ ਵਿਚ ਦਰਸਾਏ ਆਤਮਿਕ 'ਤੱਤ-ਗਿਆਨ' ਅਥਵਾ **'ਆਤਮ-ਪ੍ਰਕਾਸ਼' ਉਤੇ ਸਾਨੂੰ ਨਿਸਚਾ ਹੀ ਨਹੀਂ ਆਇਆ** ਯਾ ਓਪਰਾ ਜਿਹਾ ਦਿਮਾਗੀ ਵਿਸ਼ਵਾਸ ਹੁੰਦਾ ਹੈ, ਜੋ ਮਾਇਆ ਦੇ ਥੋੜੇ ਜਿਹੇ ਲਿਸ਼ਕਾਰੇ ਨਾਲ ਹੀ ਉਡ-ਪੁਡ ਜਾਂਦਾ ਹੈ।

ਅਸਲ ਵਿਚ ਆਤਮਿਕ ਪ੍ਰਕਾਸ਼ ਰੂਪ ਮੰਡਲ ਤੋਂ ਅਸੀਂ ਬਿਲਕੁਲ ਅਣਜਾਣ ਤੇ ਬੇਖਬਰ ਹਾਂ ਅਥਵਾ ਜਾਣ-ਬੁੱਝ ਕੇ ਮਚਲੇ ਹੋਏ ਹਾਂ ਯਾ ਓਪਰੀ ਜੇਹੀ 'ਹਾਮੀਂ' ਭਰ ਛਡਦੇ ਹਾਂ। ਅਸੀਂ ਰੇਸ਼ਮ ਦੇ ਕੀਤੇ ਵਾਂਗ, ਆਪਣੀ ਹਉਮੈ ਦੇ ਅੰਧ-ਗੁਬਾਰ ਅਥਵਾ **'ਭਰਮ-ਗੜ੍ਹ' ਵਿਚ ਇਤਨੀ ਬੁਰੀ ਤਰ੍ਹਾਂ ਕੈਦ ਹਾਂ, ਕਿ ਕਿਸੇ ਆਤਮਿਕ-ਪ੍ਰਕਾਸ਼ ਦੀ ਹੋਂਦ ਦਾ ਖਿਆਲ ਯਾ ਵਿਸ਼ਵਾਸ, ਹੀ ਨਹੀਂ ਆਉਂਦਾ।** ਇਸ ਲਈ ਧਰਮ ਅਥਵਾ ਪਰਮਾਰਥ ਦੀ ਬਾਬਤ ਅਸੀਂ **'ਠਾਠਾ-ਬਾਗਾ' ਹੀ ਕਰ ਛਡਦੇ** ਹਾਂ ਅਤੇ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਕਿ ਅਸੀਂ ਧਰਮੀ ਹਾਂ।

ਏਸੇ ਕਰਕੇ ਅਸੀਂ ਆਪਣੇ **'ਭਰਮ-ਭੁਲਾਵੇ' ਦੇ ਹਨੇਰ ਖਾਤੇ ਵਿਚ –**

ਸੱਚ	ਨੂੰ	ਝੂਠ
ਝੂਠ	ਨੂੰ	ਸੱਚ
ਬਿਨਸਨਹਾਰ	ਨੂੰ	ਸਥਿਰ
ਅਟੱਲ	ਨੂੰ	ਚਲਾਏਮਾਨ
ਪਰਾਏ	ਨੂੰ	ਆਪਣਾ
ਆਪਣੇ	ਨੂੰ	ਪਰਾਇਆ
ਨੇੜੇ	ਨੂੰ	ਦੂਰ
ਦੂਰ	ਨੂੰ	ਨੇੜੇ
ਹਨੇਰੇ	ਨੂੰ	ਚਾਨਣਾ
ਪ੍ਰਕਾਸ਼	ਨੂੰ	ਹਨੇਰਾ
ਮੌਤ	ਨੂੰ	ਜੀਵਨ
ਜੀਵਨ	ਨੂੰ	ਮੌਤ

ਆਦਿ ਸਮਝ ਕੇ ਆਪਣਾ **ਅਮੋਲਕ ਜੀਵਨ ਅਜਾਈਂ** ਗਵਾ ਰਹੇ ਹਾਂ।

ਜੋ ਪਰਾਇਓ ਸੋਈ ਅਪਨਾ ।। ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ।।੧।।
ਕਹਹੁ ਗੁਸਾਈ ਮਿਲੀਐ ਕੇਹ ।। ਜੋ ਬਿਬਰਜਤ ਤਿਸ ਸਿਉ ਨੇਹ।। ਰਹਾਉ ।।
ਝੂਠੁ ਬਾਤ ਸਾ ਸਚੁ ਕਰਿ ਜਾਤੀ ।। ਸਤਿ ਹੋਵਨੁ ਮਨਿ ਲਗੈ ਨ ਰਾਤੀ ।।੨।।
ਬਾਵੈ ਮਾਰਗੁ ਟੇਢਾ ਚਲਨਾ ।। ਸੀਧਾ ਛੋਡਿ ਅਪੂਠਾ ਬੁਨਨਾ ।। (ਪੰਨਾ-੧੮੫)

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ।।
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ।।੩।।
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ।।
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ।।੪।।
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ।।
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ।।੫।।
ਮੀਠੇ ਕਉ ਕਉੜਾ ਕਹੈ ਕਤੂਏ ਕਉ ਮੀਠਾ ।।
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ।।੬।।
ਚੋਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ।।
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ।।੭।। (ਪੰਨਾ-੨੨੯)

ਐਸੇ ਕਾਹੇ ਭੂਲਿ ਪਰੇ ।।
ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ।।੧।। ਰਹਾਉ ।।
ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ।।
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ।।੧।।
ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ।।
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ।।੨।। (ਪੰਨਾ-੯੨੩)

ਇਹ '**ਭਰਮ**' ਸਿਰਫ ਇਨਸਾਨਾਂ ਤਾਈਂ ਹੀ ਸੀਮਤ ਨਹੀਂ ਬਲਕਿ '**ਸੁਰਿ ਨਰ**' **ਮੁਨਿ ਜਨ ਅਤੇ 'ਦੇਵੀ-ਦੇਵਤਿਆਂ' ਨੂੰ ਭੀ ਅਚੇਤ ਹੀ ਚਿੰਬੜਿਆ ਹੋਇਆ ਹੈ।**

ਪੁਰਾਤਨ ਸਮੇਂ ਅੰਦਰ 'ਦੇਵੀ ਦੇਵਤਿਆਂ' ਦੀਆਂ ਗਾਥਾਵਾਂ ਤੋਂ ਸਿੱਧ ਹੁੰਦਾ ਹੈ ਕਿ ਉਹ ਭੀ ਤ੍ਰੈ ਗੁਣੀ **ਮੈਂ-ਮੇਰੀ ਅਥਵਾ ਈਰਖਾ-ਦਵੈਤ ਦੇ ਦੂਜੇ ਭਾਉ ਦੇ ਭਰਮ-ਭੁਲੇਖੇ ਤੋਂ ਬਚ ਨਹੀਂ ਸਕੇ**, ਜਿਸ ਕਾਰਣ ਉਹ ਇਕ ਦੂਜੇ ਨਾਲ **ਈਰਖਾ** ਵੱਸ ਹੋ ਕੇ ਖਹਿੰਦੇ ਰਹਿੰਦੇ ਸਨ।

ਭਰਮੇ ਸੁਰਿ ਨਰ ਦੇਵੀ ਦੇਵਾ ।।
ਭਰਮੇ ਸਿਧ ਸਾਧਿਕ ਬ੍ਰਹਮੇਵਾ ।। (ਪੰਨਾ-੨੫੮)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ।।

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥ (ਪੰਨਾ-੮੫੨)

ਇਸੇ 'ਸੂਖਮ ਹਉਮੈ' ਦੇ 'ਭਰਮ' ਵਿਚ ਧਰਮ ਦੇ ਨਾਉਂ ਉਤੇ –

ਈਰਖਾ
ਦਵੈਤ
ਸਾੜਾ
ਲਬ-ਲੋਭ
ਤਅੱਸੁਬ
ਵਿਤਕਰੇ
ਵਾਦ-ਵਿਵਾਦ
ਝਗੜੇ
ਲੜਾਈਆਂ
ਜ਼ੁਲਮ

ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ, ਕਿ ਬਾਵਜੂਦ ਇਤਨੀ ਵਿਦਿਆ, ਵਿਗਿਆਨ, ਧਾਰਮਿਕ ਗਿਆਨ ਅਤੇ ਤੀਖਣ-ਬੁੱਧੀ ਦੇ ਸਾਨੂੰ ਆਪਣੇ ਤ੍ਰੈ-ਗੁਣੀ ਮਾਨਸਿਕ 'ਭਰਮ' ਦਾ ਅਹਿਸਾਸ ਹੀ ਨਹੀਂ ਹੋ ਸਕਿਆ ਅਥਵਾ ਸੋਝੀ ਹੀ ਨਹੀਂ ਆਈ !!

ਯਾਦ ਰਖਣ ਵਾਲੀ ਗੱਲ ਤਾਂ ਇਹ ਹੈ ਕਿ ਤ੍ਰੈ-ਗੁਣੀ ਮਾਇਕੀ ਮੰਡਲ ਦਾ 'ਭਰਮ' ਭੂਤ-ਪ੍ਰੇਤ ਵਾਂਗ, ਕੋਈ ਅਦ੍ਰਿਸ਼ਟ ਵਜੂਦ ਹਸਤੀ ਨਹੀਂ। ਅਗਿਆਨਤਾ ਦੇ ਅੰਧਕਾਰ ਨੂੰ ਹੀ 'ਭਰਮ' ਕਿਹਾ ਗਿਆ ਹੈ, ਜੋ ਸਾਡੇ ਜੀਵਨ ਦੇ ਹਰ ਪੱਖ ਵਿਚ ਆਪ-ਮੁਹਾਰੇ ਪ੍ਰਗਟ ਹੁੰਦਾ ਰਹਿੰਦਾ ਹੈ।

ਤ੍ਰੈ-ਗੁਣੀ ਮਾਇਕੀ ਮੰਡਲ ਅੰਦਰ, ਹਉਮੈ ਦੇ ਅੰਧਕਾਰ ਵਿਚ –

ਖਿਆਲਾਂ ਦੀ ਰੰਗਤ
ਮਨ ਦੀ ਕਲਪਨਾ
ਬੁੱਧੀ ਦਾ ਗਿਆਨ
ਹਿਰਦੇ ਦੇ ਵਲਵਲਿਆਂ
ਵਲਵਲਿਆਂ ਦੇ ਤਰੰਗ
ਤਰੰਗਾਂ ਦੀਆਂ ਉਡਾਰੀਆਂ
ਕਰਮ-ਧਰਮ-ਰਸਮ

ਆਦਿ, ਸਭ ਕੁਝ ਭਰਮ-ਭੁਲੇਖੇ ਦੇ 'ਹਨੇਰੇ' ਵਿਚ ਹੀ ਕੀਤੇ ਜਾਂਦੇ ਹਨ ।

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ-੪੬੬)

ਜਨਮਾਂ-ਜਨਮਾਂ ਤੋਂ ਜੀਵ ਇਸ **'ਭਰਮ-ਭੁਲੇਖੇ'** ਵਿਚ ਵਿਚਰਦਾ ਹੋਇਆ **'ਮੈਂ-ਮੇਰੀ'** ਦਾ **ਅਭਿਆਸ ਕਰਦਾ ਆਇਆ ਹੈ।** ਇਸ ਲੰਬੇ ਅਰਸੇ ਦੇ ਅਟੁੱਟ ਅਭਿਆਸ ਦੁਆਰਾ ਸਾਡਾ ਇਹ **'ਭਰਮ-ਭੁਲੇਖਾ' ਸਾਡੇ ਅੰਤਿਸ਼ਕਰਨ ਵਿਚ ਦ੍ਰਿੜ ਹੀ ਨਹੀਂ ਹੋਇਆ ਬਲਕਿ ਸਾਡਾ 'ਸੰਸਕਾਰ' ਅਥਵਾ ਜੀਵਨ ਰੂਪ ਹੀ ਬਣ ਗਿਆ ਹੈ।**

ਜੈਸਾ ਸੇਵੈ ਤੈਸੋ ਹੋਇ॥ (ਪੰਨਾ-੨੨੩)

As you think, so you become.

ਇਸ ਦਾ ਮਤਲਬ ਇਹ ਹੈ ਕਿ **ਮੁੱਢਲੇ ਮਾਨਸਿਕ ਭਰਮ ਵਿਚੋਂ ਹੀ ਸਾਰਾ 'ਸੰਸਾਰ' ਅਥਵਾ ਤ੍ਰੈ-ਗੁਣੀ ਮਾਇਕੀ ਮੰਡਲ ਉਪਜਿਆ ਹੈ,** ਜਿਸ ਵਿਚ ਜੀਵ ਸਹਿਜ-ਸੁਭਾਏ ਹੀ ਪਰਵਿਰਤ ਹੋ ਰਹੇ ਹਨ।

ਇਸ ਸੰਸਾਰ ਦਾ ਦੂਜਾ ਨਾਉਂ **'ਭਰਮ' ਕਿਹਾ ਜਾ ਸਕਦਾ ਹੈ** – ਤਦੇ ਇਸ ਨੂੰ **'ਸਹਿਸਾ ਇਹ ਸੰਸਾਰ'** ਭੀ ਕਿਹਾ ਗਿਆ ਹੈ।

ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥ (ਪੰਨਾ-੧੬੧)

ਭਾਵੇਂ ਅਸੀਂ ਸਾਰੇ ਇਕੋ ਦ੍ਰਿਸ਼ਟਮਾਨ ਦੁਨੀਆਂ ਵਿਚ ਵਸਦੇ ਹਾਂ, ਪਰ ਹਰ ਇਕ ਜੀਵ ਨੇ **ਆਪੋ-ਆਪਣੇ ਭਰਮ ਦੀ 'ਰੰਗਤ' ਅਨੁਸਾਰ, ਆਪੋ-ਆਪਣੀ ਅੱਡਰੀ ਦੁਨੀਆਂ ਦੀ ਕਲਪਨਾ ਕੀਤੀ ਹੋਈ ਹੈ।**

ਇਹੋ ਕਾਰਣ ਹੈ ਕਿ ਅਸੀਂ **ਇਕ ਦੂਜੇ ਦੀ ਮਨੋਕਲਪਤ ਦੁਨੀਆਂ ਵਿਚ ਝਾਤੀ ਨਹੀਂ ਮਾਰ ਸਕਦੇ** ਅਤੇ ਇਕ-ਦੂਜੇ ਦੇ ਖਿਆਲਾਂ, ਨਿਸਚਿਆਂ, ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ, ਜਿਸ ਕਾਰਣ ਜੀਵਨ ਦੇ ਹਰ ਪੱਖ ਵਿਚ **ਸਾਡੇ ਆਪਸ ਵਿਚ ਵਾਦ-ਵਿਵਾਦ, ਟਾਕਰੇ, ਝਗੜੇ ਅਤੇ ਲੜਾਈਆਂ ਹੁੰਦੀਆਂ ਰਹਿੰਦੀਆਂ ਹਨ।**

ਸਾਡੇ ਦਿਮਾਗੀ ਗਿਆਨ ਦੀ 'ਖੋਜ' ਭੀ 'ਖੂਹ ਦੇ ਡੱਡੂ' ਵਾਂਗ ਸਿਰਫ ਤ੍ਰੈ-ਗੁਣੀ ਮਾਇਕੀ ਮੰਡਲ ਦੇ **'ਭਰਮ-ਗੜ੍ਹ' ਤਾਈਂ ਸੀਮਤ ਹੈ।** ਇਸ ਤੋਂ ਉਤੇ ਆਤਮ-ਮੰਡਲ ਦਾ ਗਿਆਨ ਸਾਡੀ **ਅਲਪ ਬੁੱਧੀ ਦੀ ਪਕੜ ਤੋਂ ਪਰੇ ਹੈ।**

ਸਾਰਿਆਂ ਜੀਵਾਂ ਦੇ ਖਿਆਲ, ਗਿਆਨ, ਨਿਸਚੇ ਉਹਨਾਂ ਦੇ **ਭਰਮਾਂ ਦੀ 'ਰੰਗਤ' ਅਨੁਸਾਰ ਭਿੰਨ-ਭਿੰਨ ਹੁੰਦੇ ਹਨ,** ਜਿਸ ਕਾਰਣ ਇਹਨਾਂ ਵਿਚਕਾਰ ਵਾਦ-ਵਿਵਾਦ ਅਤੇ **ਵੈਰ-ਵਿਰੋਧ ਲਾਜ਼ਮੀ ਹੈ।**

ਪਰ ਆਤਮਿਕ **'ਤੱਤ-ਗਿਆਨ' ਦਾ ਇਕੋ-ਇਕ ਸੋਮਾ 'ਆਤਮ ਪ੍ਰਕਾਸ਼' ਹੀ ਹੁੰਦਾ ਹੈ,**

ਜਿਸ ਵਿਚ ਮਾਨਸਿਕ ਭਰਮ-ਭੁਲੇਖਿਆਂ ਦੇ 'ਹਨੇਰੇ' **ਲਈ ਕੋਈ ਥਾਂ ਨਹੀਂ**। ਇਸੇ ਆਤਮ-ਪ੍ਰਕਾਸ਼ ਦੇ 'ਤੱਤ-ਬੇਤੇ' ਗੁਰਮੁਖ ਜਨ **ਇਲਾਹੀ 'ਪ੍ਰੀਤ-ਡੋਰੀ' ਵਿਚ ਪਰੋਤੇ ਹੁੰਦੇ ਹਨ**। ਉਹ ਪ੍ਰੇਮ-ਸਵੈਪਨਾ ਵਿਚ ਵਿਚਰਦੇ ਹਨ ਅਤੇ **ਓਹਨਾਂ ਦੀ 'ਸਭਨਾ' ਨਾਲ 'ਬਣ' ਆਉਂਦੀ ਹੈ**।

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ।। (ਪੰਨਾ-੧੨੯੬)

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ।।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ।। (ਪੰਨਾ-੬੭੧)

ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ।।
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ।। (ਪੰਨਾ-੪੦੦)

ਪਰ, ਇਹ ਊਚਮ-ਊਚੀ ਆਤਮਿਕ ਅਵਸਥਾ ਦੀ ਪ੍ਰਾਪਤੀ **ਅੰਤ੍ਰ-ਆਤਮੇ 'ਅਨੁਭਵੀ ਪ੍ਰਕਾਸ਼' ਨਾਲ ਹੀ ਹੋ ਸਕਦੀ ਹੈ**।

ਜਿਨ੍ਹਾਂ ਚਿਰ ਮਾਇਕੀ ਭਰਮ-ਭੁਲੇਖੇ ਦੂਰ ਨਹੀਂ ਹੁੰਦੇ – ਅਸੀਂ ਆਪੋ-ਆਪਣੇ **ਭਰਮ ਦੀ ਰੰਗਤ ਵਾਲੇ ਅੱਡੋ ਅੱਡਰੇ ਦ੍ਰਿਸ਼ਟੀਕੋਨ** ਤੋਂ ਹੀ ਹਰ ਇਕ ਚੀਜ਼ ਨੂੰ ਦੇਖਦੇ, ਸਮਝਦੇ, ਪਰਖਦੇ, ਘੋਖਦੇ ਅਤੇ ਨਤੀਜੇ ਕਢਦੇ ਹਾਂ। ਇਸੇ ਕਰਕੇ ਕਿਸੇ ਇਕ ਸ਼ੈ ਯਾ ਵਿਸ਼ੈ ਦੀ ਬਾਬਤ ਸਾਡੇ ਖਿਆਲ, ਰਾਇ, ਫੈਸਲੇ **ਭਿੰਨ-ਭਿੰਨ ਹੁੰਦੇ ਹਨ**, ਜਿਸ ਦੀ ਵਜ੍ਹਾ ਨਾਲ ਸਾਡੀ ਆਪਸ ਵਿਚ ਨਾ-ਇਤਫਾਕੀ, ਇਖਤਲਾਫ, ਵਾਦ-ਵਿਵਾਦ ਅਤੇ **ਵੈਰ-ਵਿਰੋਧ ਲਾਜ਼ਮੀ ਹਨ**।

ਨਿਰਸੰਦੇਹ ਗੁਰਬਾਣੀ ਦੇ ਆਸ਼ੇ ਅਨੁਸਾਰ ਮਾਨਸਿਕ **ਭਰਮ ਦੇ 'ਹਨੇਰ' ਨੂੰ ਦੂਰ ਕਰਨ** ਦਾ ਸੱਚਾ ਤੇ ਸੌਖਾ ਸਾਧਨ – **ਗੁਰਪ੍ਰਸਾਦਿ, 'ਸਾਧਸੰਗਤ' ਅਤੇ 'ਨਾਮ-ਸਿਮਰਨ'** ਹੀ ਹੈ।

ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ।। (ਪੰਨਾ-੧੨੬੦)

ਆਤਮਿਕ ਮੰਡਲ ਦਾ ਗਿਆਨ ਸਿਰਫ **ਦੈਵੀ ਅਨੁਭਵ** ਦੁਆਰਾ ਹੀ ਜਾਣਿਆ, ਬੁੱਝਿਆ, ਸੀਝਿਆ, ਮਾਣਿਆ ਜਾ ਸਕਦਾ ਹੈ।

ਪਰਮਾਰਥ ਅਥਵਾ **'ਆਤਮਿਕ ਮੰਡਲ' ਦੀ ਬਾਬਤ ਗਿਆਨ ਅਤੇ ਨਿਸਚਾ** –

ਪੜ੍ਹਿਆ-ਪੜ੍ਹਾਇਆ
ਸੁਣਿਆ-ਸੁਣਾਇਆ
ਸਮਝਿਆ-ਸਮਝਾਇਆ
ਓਪਰਾ
ਅਧੂਰਾ
ਗਲਤ

ਦਿਮਾਗੀ ਕਲਪਨਾਵਾਂ ਤਕ ਸੀਮਤ ਹੈ।

ਅਸੀਂ ਇਸੇ ਓਪਰੇ, ਅਧੂਰੇ 'ਮਨੋਕਲਪਤ ਗਿਆਨ' ਉਤੇ **ਸੰਤੁਸ਼ਟ ਹੀ ਨਹੀਂ ਬਲਕਿ**

ਆਫ਼ਰੇ ਫਿਰਦੇ ਹਾਂ ਅਤੇ ਇਸੇ ਅਧੂਰੇ **'ਮਨੋਕਲਪਤ ਗਿਆਨ'** ਦਾ ਹੀ ਪ੍ਰਚਾਰ ਕਰਦੇ ਹਾਂ। ਗੁਰਬਾਣੀ ਵਿਚ ਇਸ ਦੀ ਬਾਬਤ ਇਉਂ ਤਾੜਨਾ ਕੀਤੀ ਗਈ ਹੈ –

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ।। (ਪੰ-੫੦੯)

ਕਥਨੀ ਕਹਿ ਭਰਮੁ ਨ ਜਾਈ ।।
ਸਭ ਕਬਿ ਕਬਿ ਰਹੀ ਲੁਕਾਈ ।। (ਪੰਨਾ-੬੫੫)

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ।। (ਪੰਨਾ-੯੫੦)

ਜਿਸ ਤਰ੍ਹਾਂ **'ਹਨੇਰ-ਕੋਠੜੀ'** ਵਿਚ ਅਸੀਂ ਠੋਕਰਾਂ ਖਾਂਦੇ ਹਾਂ ਅਤੇ ਦੁਖ-ਕਲੇਸ਼ ਭੋਗਦੇ ਹਾਂ ਇਸੇ ਤਰ੍ਹਾਂ ਤ੍ਰੈ-ਗੁਣੀ ਮਾਇਕੀ ਮੰਡਲ ਦੇ **ਭਰਮ-ਗੜ੍ਹ ਵਿਚ ਅਸੀਂ ਸਾਰੀ ਉਮਰ ਆਪਣੇ ਮਾਨਸਿਕ ਭਰਮ-ਭੁਲੇਖਿਆਂ ਵਿਚ ਹਨੇਰਾ ਢੋਂਦੇ ਹਾਂ** ਅਤੇ ਅਨੇਕਾਂ ਗਲਤ ਨਿਸਚਿਆਂ ਦੁਆਰਾ ਕਰਮ ਕਰਦੇ ਹਾਂ ਜਿਨ੍ਹਾਂ ਦਾ ਨਤੀਜਾ ਸਾਨੂੰ ਭੁਗਤਣਾ ਪੈਂਦਾ ਹੈ।

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ।। (ਪੰਨਾ-੨੧)

ਅੰਧਕਾਰ ਸੁਖਿ ਕਬਹਿ ਨ ਸੋਈ ਹੈ ।। (ਪੰਨਾ-੩੨੫)

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ।।
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ।। (ਪੰਨਾ-੬੦੪)

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨੀ ਬਿਰਥਾ ਜਨਮੁ ਗਵਾਇਆ ।। (ਪੰਨਾ-੯੫੨)

ਅਸੀਂ ਹਉਮੈ ਦੇ **'ਮਾਨਸਿਕ ਭਰਮ'** ਵਿਚ ਹੀ ਵਿਚਰਦਿਆਂ ਹੋਇਆਂ, ਆਪਣੇ 'ਕਰਮ-ਧਰਮ' ਦੁਆਰਾ **'ਮੁਕਤੀ'** ਭਾਲਦੇ ਹਾਂ – ਪਰ ਗੁਰਬਾਣੀ ਨਿਰਣਾ ਦਿੰਦੀ ਹੈ ਕਿ ਜਦ ਤਾਈਂ ਸਾਡਾ ਮਾਨਸਿਕ **'ਭਰਮ-ਗੜ੍ਹ' ਨਹੀਂ ਟੁਟਦਾ** – ਉਦੋਂ ਤਾਈਂ **'ਮੁਕਤੀ' ਦੀ ਪ੍ਰਾਪਤੀ ਨਹੀਂ ਹੋ ਸਕਦੀ**।

ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ।। (ਪੰਨਾ-੬੯੦)

ਇਹ ਮਾਨਸਿਕ ਭਰਮ-ਗੜ੍ਹ ਅਤਿ ਸਬਲ ਹੈ। ਜਿਸ ਤਰ੍ਹਾਂ ਹਨੇਰੇ ਨੂੰ ਅਸੀਂ ਆਪੂੰ ਦੂਰ ਨਹੀਂ ਕਰ ਸਕਦੇ, ਪਰ ਚਾਨਣ ਹੋਣ ਨਾਲ ਅਪਣੇ ਆਪ ਦੂਰ ਹੋ ਜਾਂਦਾ ਹੈ। ਇਸੇ ਤਰ੍ਹਾਂ **ਮਾਨਸਿਕ 'ਭਰਮ-ਗੜ੍ਹ' ਭੀ ਅਸੀਂ ਅਪਣੇ ਆਪ ਨਹੀਂ ਤੋੜ ਸਕਦੇ**। ਇਸ ਨੂੰ ਤਾਂ ਗੁਰੂ ਦੀ ਕਿਰਪਾ ਦੁਆਰਾ **'ਅਨੁਭਵੀ ਪ੍ਰਕਾਸ਼' ਨਾਲ ਹੀ ਤੋੜਿਆ ਜਾ ਸਕਦਾ ਹੈ**।

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ।। (ਪੰਨਾ-੪੫੩)

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ।।
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ।। (ਪੰਨਾ-੫੨੨)

ਜਿਸ ਤਰ੍ਹਾਂ **ਚਾਨਣ ਦੀ ਅਣਹੋਂਦ** ਤੋਂ ਹਨੇਰਾ ਉਤਪੰਨ ਹੁੰਦਾ ਹੈ, ਉਸੇ ਤਰ੍ਹਾਂ **ਹਉਮੈ ਦਾ ਭਰਮ-ਭੁਲਾਵਾ, ਆਤਮਿਕ ਪ੍ਰਕਾਸ਼ ਦੀ ਅਣਹੋਂਦ** ਅਥਵਾ **ਪਰਮਾਤਮਾ ਦੀ 'ਭੁਲ'** ਤੋਂ ਉਪਜਿਆ ਹੈ।

'ਚਾਨਣ' ਤੇ 'ਹਨੇਰ' ਆਪਸ ਵਿਚ **'ਵਿਰੋਧੀ'** ਅੰਸ਼ ਹਨ ਅਤੇ **ਇਕੱਠੇ ਨਹੀਂ ਹੋ ਸਕਦੇ।**

ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ।। (ਪੰਨਾ-੪੯੯)

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ।। (ਪੰਨਾ-੫੬੦)

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ।। (ਪੰਨਾ-੬੫੭)

'ਹਉਮੈ' ਦੇ ਹਨੇਰੇ ਵਿਚੋਂ ਹੀ, ਸਾਰੇ ਭਰਮ-ਭੁਲੇਖੇ ਉਪਜਦੇ ਹਨ ਅਤੇ ਇਹਨਾਂ ਭਰਮ-ਭੁਲੇਖਿਆਂ ਵਿਚ ਹੀ, ਅਸੀਂ **ਕਰਮ-ਬੱਧ ਹੋ ਕੇ,** ਸਾਰੀ ਉਮਰ ਅੰਧਕਾਰ ਦੇ 'ਭਰਮ-ਗੜ੍ਹ' ਵਿਚ ਹੀ ਪਲਚ-ਪਲਚ ਕੇ ਜੀਵਨ ਬਿਤਾ ਰਹੇ ਹਾਂ।

ਮਨਮੁਖ ਅਗਿਆਨਿ ਕੁਮਾਰਗਿ ਪਾਏ।।
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ।।
ਭਵਜਲਿ ਡੂਬੇ ਦੂਜੈ ਭਾਇ ।। (ਪੰਨਾ-੨੩੧)

ਮਨਮੁਖਿ ਭੂਲੇ ਸਭਿ ਮਰਹਿ ਗਵਾਰ ।।
ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ।। (ਪੰਨਾ-੬੬੫)

ਪਰ ਸਾਨੂੰ ਇਸ ਗੱਲ ਦੀ **ਸੋਝੀ ਹੀ ਨਹੀਂ** ਅਤੇ ਇਸ **ਭਰਮ-ਗੜ੍ਹ ਵਿਚ ਵਿਚਰਨ ਨੂੰ ਹੀ 'ਸਿਆਣਪ' ਸਮਝੀ ਬੈਠੇ** ਹਾਂ ਅਤੇ 'ਖੂਹ ਦੇ ਡੱਡੂ' ਵਾਂਗ, ਇਸ ਵਿਚ ਪੂਰਨ ਤੌਰ ਤੇ ਸੰਤੁਸ਼ਟ ਹੀ ਨਹੀਂ ਬਲਕਿ ਆਫਰੇ ਫਿਰਦੇ ਹਾਂ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ।।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ।। (ਪੰਨਾ-੩੪੬)

ਇਸੇ ਲਈ ਸਾਨੂੰ ਇਸ **ਅੰਧੇਰ-ਖਾਤੇ ਵਿਚੋਂ ਨਿਕਲਣ ਦਾ ਕਦੇ ਖਿਆਲ ਹੀ ਨਹੀਂ ਆਇਆ**। ਜੇਕਰ ਸਤਸੰਗਤ ਕਰਦਿਆਂ ਕਿਸੇ ਨੂੰ ਮੋਹ-ਮਾਇਆ ਦੇ ਹਨੇਰ ਵਿਚੋਂ ਨਿਕਲਣ ਦਾ ਖਿਆਲ ਆਉਂਦਾ ਭੀ ਹੈ, ਤਾਂ ਇਸ ਪ੍ਰਤੀ ਸਾਡੇ ਉਦਮ ਭੀ 'ਹਉਮੈ' ਦੇ ਆਧਾਰ ਤੇ ਹੁੰਦੇ ਹਨ – ਜਿਸ ਕਾਰਣ ਸਾਡੀ **ਹਉਮੈ-ਵੇੜੀ ਘਾਲਣਾ ਨਿਸਫਲ ਜਾਂਦੀ ਹੈ**। ਗੁਰਬਾਣੀ ਇਸ ਗੱਲ ਨੂੰ ਇਉਂ ਸਪਸ਼ਟ ਕਰਦੀ ਹੈ –

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ।।
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ।। (ਪੰਨਾ-੨੫੨)

ਕੋਟਿ ਕਰਮ ਕਰੈ ਹਉ ਧਾਰੇ।। ਸੂਮੁ ਪਾਵੈ ਸਗਲੇ ਬਿਰਥਾਰੇ ।। (ਪੰਨਾ-੨੭੮)

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ-੧੪੨੯)

ਹਨੇਰਾ ਆਪਣੇ ਆਪ ਨੂੰ 'ਦੇਖ ਜਾਂ 'ਬੁਝ' ਨਹੀਂ ਸਕਦਾ। ਚਾਨਣ ਦੇ ਪ੍ਰਕਾਸ਼ ਨਾਲ ਹੀ 'ਹਨੇਰੇ' ਦੀ ਝੂਠੀ ਹੋਂਦ ਨੂੰ ਬੁਝਿਆ ਜਾ ਸਕਦਾ ਹੈ। ਉਸੇ ਤਰ੍ਹਾਂ ਤ੍ਰੈ-ਗੁਣੀ ਮਾਇਕੀ ਭਰਮ-ਭੁਲਾਵੇ ਨੂੰ ਅਸੀਂ ਆਪਣੇ ਆਪ ਨਹੀਂ ਬੁਝ ਸਕਦੇ। ਆਤਮ-ਪ੍ਰਕਾਸ਼ ਹੋਣ ਤੇ ਇਸ ਭਰਮ-ਭੁਲਾਵੇ ਦੇ ਭੇਦ ਦਾ ਪਤਾ ਲਗਦਾ ਹੈ ਤੇ ਸਾਰੇ ਭਰਮ ਆਪ-ਮੁਹਾਰੇ ਹੀ ਉਡ-ਪੁਡ ਜਾਂਦੇ ਹਨ।

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ (ਪੰਨਾ-੫੫੯)

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ (ਪੰਨਾ-੫੬੦)

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ (ਪੰਨਾ-੭੫੨)

ਅਗਿਆਨਤਾ ਰੂਪੀ ਹਨੇਰੇ ਤੋਂ ਉਪਜੇ ਅਧੂਰੇ ਤੇ ਗਲਤ ਖਿਆਲ ਤੇ ਨਿਸਚੇ

ਅਤੇ

ਆਤਮਿਕ ਪ੍ਰਕਾਸ਼ ਦਾ ਅਨੁਭਵੀ ਪੂਰਨ ਤੱਤ ਗਿਆਨ

ਆਪਸ ਵਿਚ ਵਿਰੋਧੀ ਤੇ ਉਲਟ ਹੋਣੇ ਲਾਜ਼ਮੀ ਹਨ।

ਇਸ ਤ੍ਰੈ-ਗੁਣੀ ਮਾਇਕੀ ਭਰਮ ਨੂੰ ਅਸੀਂ ਆਪਣੀ ਹਉਮੈ-ਵੇੜੀ ਸੀਮਤ ਬੁੱਧੀ ਦੀ **ਸਿਆਣਪ ਅਤੇ ਫੋਕੇ ਗਿਆਨ ਨਾਲ ਹੀ ਮੇਟਨ ਦੇ ਅਜਾਈਂ ਉਪਰਾਲੇ ਵਿਚ ਹੀ ਸੰਤੁਸ਼ਟ ਹਾਂ**, ਪਰ ਗੁਰਬਾਣੀ ਅਨੁਸਾਰ ਇਹ **ਸਾਰੇ ਜਤਨ ਬਿਰਥਾ ਹਨ –**

ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-੬੫੫)

ਬਹੁਤੁ ਸਿਆਣਪ ਭਰਮੁ ਨ ਜਾਏ ॥ (ਪੰਨਾ-੧੦੨੫)

ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ (ਪੰਨਾ-੧੨੦੫)

ਜਿਸ ਤਰ੍ਹਾਂ ਚਾਨਣ ਦੇ 'ਪ੍ਰਕਾਸ਼' ਨਾਲ ਹੀ ਹਨੇਰਾ ਦੂਰ ਹੁੰਦਾ ਹੈ, ਉਸੇ ਤਰ੍ਹਾਂ ਇਹ ਤ੍ਰੈ-ਗੁਣੀ ਮਾਇਕੀ 'ਭਰਮ' **ਸਿਰਫ ਅਨੁਭਵੀ ਆਤਮ-ਪ੍ਰਕਾਸ਼ ਦੁਆਰਾ ਹੀ ਮੇਟਿਆ ਜਾ ਸਕਦਾ ਹੈ।**

ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ (ਪੰਨਾ-੪੦੨)

ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ
ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ (ਪੰਨਾ-੮੫੨)

ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ
ਅਵਰੁ ਨ ਦੀਸੈ ਏਕ ਬਿਨਾ ॥ (ਪੰਨਾ-੧੦੭੯)

ਚਲਦਾ.....

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

Website : www.brahmbungadodra.org
E-mail : info@brahmbungadodra.org

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

❖ **ਸ਼ਾਖਾ** ❖

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

❖ **ਪ੍ਰਕਾਸ਼ਕ** ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.HarjitPrintingPress.com S.C.F. 83, Phase 5, SAS Nagar (Mohali). Phones : +91-172-2226297, 5098297